# Press Note

**JAGAT GURU NANAK DEV PUNJAB STATE OPEN UNIVERSITY, PATIALA**

(Established by Act No.19 of 2019 of Legislature of the State of Punjab)

**PSOU/PRC/2025/151** **13 March 2025**

## "Drug Free India" Walkathon held
## 13 March 2025

Public Relations Cell, Jagat Guru Nanak Dev Punjab State Open University, Patiala in collaboration with Lyallpur Khalsa College, Kapurthala and District Education Office, Kapurthala organised walkathon "Drug Free India". The walkathon was held in the premises of Lyallpur Khalsa College, Kapurthala on 13 March 2025. The objective of walkathon was to sensitize students about drug abuse. Public Relations Cell is carrying out campaign against drugs in compliance with the directions of Punjab Govt. This campaign is also in adherence with UGC directions of *Nasha Mukt Bharat Abhiyan* for Higher educational institutions to encourage counselling networks for addressing issues related to substance use, educate students, and empower them to stand against drug abuse. The walkathon witnessed participation from 65 institutes. Guidance counsellors, students and faculty took part in walkathon.

The walkathon was flagged off by Dr Baldev Singh Dhillon, Principal, Lyallpur Khalsa College, Kapurthala and Dr Navleen Multani, Dean Research & Director, Public Relations, JGND PSOU. Dr Baldev Singh Dhillon delivered a special lecture on drug abuse. He exhorted the attendees to make people aware of ill effects of drugs. Ms. Loveleen Sharma elaborated on how students can channelize energy can for productive work. Dr Navleen Multani said, "We must all join hands for a Drug Free India." Mr Paramjit Singh, Guidance Counsellor, Kapurthala spoke about adopting healthy life style. Mr Manjinder Singh, Head, Dept of Punjabi, Lyallpur Khalsa College, Kapurthala emphasized on the need to connect with philosophy of religious scriptures to combat temptations and evil.

13/03/25

**Director**
**Public Relations**

Director, Public Relations Cell
Jagat Guru Nanak Dev
Punjab State Open University
Patiala – 147001(PB) INDIA

JAGAT GURU NANAK DEV PUNJAB STATE OPEN UNIVERSITY, PATIALA

(Established by Act No.19 of 2019 of Legislature of the State of Punjab)

PSOU/PRC/2025/151

13 ਮਾਰਚ 2025

## ਓਪਨ ਯੂਨੀਵਰਸਿਟੀ ਵੱਲੋਂ "ਡਰੱਗ ਫ੍ਰੀ ਇੰਡੀਆ" ਵਾਕਾਥਨ

13 ਮਾਰਚ 2025

ਲੋਕ ਸੰਪਰਕ ਸੈੱਲ, ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ, ਵੱਲੋਂ ਲਾਇਲਪੁਰ ਖਾਲਸਾ ਕਾਲਜ, ਕਪੂਰਥਲਾ ਦੇ ਸਹਿਯੋਗ ਨਾਲ ਅਨਿੰਦਿਤਾ ਮਿੱਤਰਾ ਮਿੱਤਰਾ (ਆਈ.ਏ.ਐਸ), ਵਾਈਸ ਚਾਂਸਲਰ ਦੀ ਅਗਵਾਈ ਹੇਠ 13 ਮਾਰਚ 2025 ਨੂੰ "ਡਰੱਗ ਫ੍ਰੀ ਇੰਡੀਆ" ਵਾਕਾਥਨ ਦਾ ਆਯੋਜਨ ਕੀਤਾ ਗਿਆ। ਇਸ ਵਾਕਾਥਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਜਾਗਰੂਕ ਕਰਨਾ ਸੀ। ਲੋਕ ਸੰਪਰਕ ਸੈੱਲ ਪੰਜਾਬ ਸਰਕਾਰ ਦੇ ਨਿਰਦੇਸ਼ਾਂ ਅਨੁਸਾਰ ਨਸ਼ਿਆਂ ਦੇ ਵਿਰੁੱਧ ਮੁਹਿੰਮ ਚਲਾ ਰਿਹਾ ਹੈ। ਇਹ ਮੁਹਿੰਮ ਯੂਨੀਵਰਸਿਟੀ ਗਰਾਂਟਸ ਕਮਿਸ਼ਨ (U.G.C) ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਭਾਰਤ ਅਭਿਆਨ ਦੇ ਤਹਿਤ ਉੱਚ ਸਿੱਖਿਆ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ, ਵਿਦਿਆਰਥੀਆਂ ਨੂੰ ਸੇਧ ਦੇਣ ਅਤੇ ਨਸ਼ਿਆਂ ਦੀ ਦੁਰਵਰਤੋਂ ਦੇ ਵਿਰੁੱਧ ਖੜ੍ਹੇ ਹੋਣ ਲਈ ਸ਼ਕਤੀਸ਼ਾਲੀ ਬਣਾਉਣ ਦੀ ਲੋੜ ਹੈ।

ਇਸ ਸਮਾਗਮ ਦੀ ਸ਼ੁਰੂਆਤ ਡਾ. ਬਲਦੇਵ ਸਿੰਘ ਢਿੱਲੋਂ, ਪ੍ਰਿੰਸੀਪਲ, ਲਾਇਲਪੁਰ ਖਾਲਸਾ ਕਾਲਜ, ਕਪੂਰਥਲਾ ਅਤੇ ਡਾ. ਨਵਲੀਨ ਮੁਲਤਾਨੀ, ਡਾਇਰੈਕਟਰ, ਲੋਕ ਸੰਪਰਕ ਸੈੱਲ, ਵੱਲੋਂ ਕੀਤੀ ਗਈ। ਡਾ. ਬਲਦੇਵ ਸਿੰਘ ਢਿੱਲੋਂ ਨੇ ਨਸ਼ੀਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਇੱਕ ਵਿਸ਼ੇਸ਼ ਲੈਕਚਰ ਦਿੱਤਾ। ਉਨ੍ਹਾਂ ਨੇ ਨਸ਼ਿਆਂ ਦੇ ਬੁਰੇ ਪ੍ਰਭਾਵ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕਰਨ ਲਈ ਪ੍ਰੇਰਿਤ ਕੀਤਾ। ਸ਼੍ਰੀਮਤੀ ਲਵਲੀਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਊਰਜਾ ਉਤਪਾਦਕ ਕੰਮਾਂ ਵਿੱਚ ਲਗਾਉਣ ਬਾਰੇ ਵਿਸਤਾਰ ਵਿੱਚ ਜਾਣਕਾਰੀ ਦਿੱਤੀ। ਡਾ. ਨਵਲੀਨ ਮਲਤਾਨੀ ਨੇ ਕਿਹਾ, "ਸਾਨੂੰ ਡਰੱਗ ਫ੍ਰੀ ਇੰਡੀਆ ਲਈ ਮਿਲ ਕੇ ਕੰਮ ਕਰਨਾ ਚਾਹੀਦਾ ਹੈ।" ਸ਼੍ਰੀ ਪਰਮਜੀਤ ਸਿੰਘ, ਗਾਈਡੈਂਸ ਕਾਉਂਸਲਰ, ਕਪੂਰਥਲਾ ਨੇ ਸਿਹਤਮੰਦ ਜੀਵਨ ਸ਼ੈਲੀ ਅਪਨਾਉਣ ਬਾਰੇ ਗੱਲ ਕੀਤੀ। ਸ਼੍ਰੀ ਮਨਜਿੰਦਰ ਸਿੰਘ, ਮੁਖੀ, ਪੰਜਾਬੀ ਵਿਭਾਗ, ਲਾਇਲਪੁਰ ਖਾਲਸਾ ਕਾਲਜ, ਕਪੂਰਥਲਾ ਨੇ ਧਾਰਮਿਕ ਗ੍ਰੰਥਾਂ ਦੇ ਦਰਸ਼ਨ ਨਾਲ ਜੁੜਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਪ੍ਰਲੋਭਨਾਂ ਅਤੇ ਬੁਰਾਈਆਂ ਨਾਲ ਲੜਿਆ ਜਾ ਸਕੇ। ਇਸ ਮੁਹਿਮ ਵਿੱਚ 65 ਤੋਂ ਵੱਧ ਸੰਸਥਾਵਾਂ ਨੇ ਹਿੱਸਾ ਲਿਆ। ਗਾਈਡੈਂਸ ਕਾਉਂਸਲਰਾਂ, ਵਿਦਿਆਰਥੀ ਅਤੇ ਫੈਕਲਟੀ ਮੈਂਬਰਾਂ ਨੇ ਵਾਕਾਥਨ ਵਿੱਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ।

ਨਵਲੀਨ ਮੁਲਤਾਨੀ 13/03/25

ਡਾਇਰੈਕਟਰ
ਲੋਕ ਸੰਪਰਕ
Director-Public Relations Cell
Jagat Guru Nanak Dev
Punjab State Open University
Patiala – 147001(PB) INDIA

News Clips

ਪੰਜਾਬੀ ਜਾਗਰਣ

# ਕਾਲਜ 'ਚ 'ਡਰੱਗ ਫ੍ਰੀ ਇੰਡੀਆ' ਵਾਕਾਥਨ

ਅਮਰੀਕ ਸਿੰਘ ਮੱਲ੍ਹੀ • ਪੰਜਾਬੀ ਜਾਗਰਣ

**ਕਪੂਰਥਲਾ** : ਉੱਤਰੀ ਭਾਰਤ ਦੀ ਉੱਘੀ ਵਿੱਦਿਅਕ ਸੰਸਥਾ ਲਾਇਲਪੁਰ ਖ਼ਾਲਸਾ ਕਾਲਜ ਅਰਬਨ ਅਸਟੇਟ ਕਪੂਰਥਲਾ ਦੇ ਰੈੱਡ ਰੀਬਨ ਕਲੱਬ ਤੇ ਈਕੋ ਕਲੱਬ ਵੱਲੋਂ ਜਗਤ ਗੁਰੂ ਨਾਨਕ ਦੇਵ ਪੰਜਾਬ ਸਟੇਟ ਓਪਨ ਯੂਨੀਵਰਸਿਟੀ ਦੇ ਲੋਕ ਸੰਪਰਕ ਸੈੱਲ ਦੇ ਸਹਿਯੋਗ ਨਾਲ 'ਡਰੱਗ ਫ੍ਰੀ ਇੰਡੀਆ' ਵਾਕਾਥਨ ਦਾ ਆਯੋਜਨ ਕੀਤਾ ਗਿਆ। ਇਸ ਵਾਕਾਥਨ ਦਾ ਮੁੱਖ ਉਦੇਸ਼ ਵਿਦਿਆਰਥੀਆਂ ਨੂੰ ਨਸ਼ੇ ਵਾਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਜਾਗਰੂਕ ਕਰਨਾ ਸੀ। ਇਹ ਵਾਕਾਥਨ ਯੂਨੀਵਰਸਿਟੀ ਗ੍ਰਾਂਟਸ ਕਮਿਸ਼ਨ ਦੇ ਦਿਸ਼ਾ ਨਿਰਦੇਸ਼ਾਂ ਅਨੁਸਾਰ ਨਸ਼ਾ ਮੁਕਤ ਭਾਰਤ ਅਭਿਆਨ ਤਹਿਤ ਉੱਚ ਸਿੱਖਿਆ ਸੰਸਥਾਵਾਂ ਨੂੰ ਉਤਸ਼ਾਹਿਤ ਕਰਨ, ਵਿਦਿਆਰਥੀਆਂ ਨੂੰ ਸੇਧ ਦੇਣ ਅਤੇ ਨਸ਼ਿਆਂ ਦੀ ਦੁਰਵਰਤੋਂ ਦੇ ਵਿਰੁੱਧ ਖੜ੍ਹੇ ਹੋਣ ਲਈ ਕੱਢੀ ਗਈ। ਸਮਾਗਮ ਦੀ ਸ਼ੁਰੂਆਤ ਡਾ. ਨਵਲੀਨ ਮੁਲਤਾਨੀ ਡਾਇਰੈਕਟਰ ਲੋਕ ਸੰਪਰਕ ਸੈੱਲ ਤੇ ਪ੍ਰਿੰਸੀਪਲ ਡਾ. ਬਲਦੇਵ ਸਿੰਘ ਢਿੱਲੋਂ ਵੱਲੋਂ ਕੀਤੀ ਗਈ। ਡਾ. ਬਲਦੇਵ ਸਿੰਘ ਢਿੱਲੋਂ ਨੇ ਨਸ਼ੇ ਵਾਲੇ ਪਦਾਰਥਾਂ ਦੀ ਦੁਰਵਰਤੋਂ ਬਾਰੇ ਵਿਸ਼ੇਸ਼ ਭਾਸ਼ਣ ਦਿੱਤਾ। ਉਨ੍ਹਾਂ ਨਸ਼ੇ ਦੀ ਦੁਰਵਰਤੋਂ ਨਾਲ ਨਜਿੱਠਣ ਵਿਚ ਸਮਾਜ ਦੀ ਸਮੂਹਿਕ ਜ਼ਿੰਮੇਵਾਰੀ 'ਤੇ ਜ਼ੋਰ ਦਿੰਦਿਆਂ ਨਸ਼ਿਆਂ ਦੇ ਬੁਰੇ ਪ੍ਰਭਾਵ ਬਾਰੇ ਵਿਦਿਆਰਥੀਆਂ ਨੂੰ ਜਾਗਰੂਕ ਕੀਤਾ।

ਉਨ੍ਹਾਂ ਨੇ ਅੰਤ ਵਿਚ ਇਹ ਵੀ ਕਿਹਾ ਕਿ ਜਾਗਰੂਕਤਾ ਅਤੇ ਸਵੈ-ਅਨੁਸ਼ਾਸ਼ਨ ਹੀ ਨਸ਼ੇ ਦੀ ਆਦਤ ਨਾਲ ਲੜਨ ਲਈ ਸਭ ਤੋਂ ਵਧੀਆ ਅਤੇ ਮਜ਼ਬੂਤ ਸਾਧਨ ਹਨ। ਲਵਲੀਨ ਸ਼ਰਮਾ ਨੇ ਵਿਦਿਆਰਥੀਆਂ ਨੂੰ ਊਰਜਾ ਉਤਪਾਦਕ ਕੰਮਾਂ 'ਚ ਲਾਉਣ ਬਾਰੇ ਵਿਸਥਾਰ ਵਿਚ ਜਾਣਕਾਰੀ ਦਿੱਤੀ। ਡਾ. ਨਵਲੀਨ ਮੁਲਤਾਨੀ ਨੇ ਕਿਹਾ ਕਿ ਸਾਨੂੰ ਡਰੱਗ ਫ੍ਰੀ ਇੰਡੀਆ ਲਈ ਆਪਸੀ ਸਹਿਯੋਗ ਨਾਲ ਕੰਮ ਕਰਨਾ ਚਾਹੀਦਾ ਹੈ। ਜੀਵਨ ਦਾ ਜਨੂੰਨ ਸਮਾਜ ਸੇਵਾ, ਸਿੱਖਿਆ ਅਤੇ ਪਰਿਵਾਰਕ ਬੰਧਨਾਂ ਨੂੰ ਸੰਭਾਲਣ ਵਰਗੀ ਨੇਕ ਚੀਜ਼ ਵਿਚ ਹੈ, ਨਸ਼ਿਆਂ ਵਿੱਚ ਨਹੀਂ। ਸਾਡਾ ਸਰੀਰ ਇੱਕ ਮੰਦਰ ਹੈ, ਜਿਸ ਦਾ ਪਾਲਣ-ਪੋਸ਼ਣ ਕੀਤਾ ਜਾਣਾ ਚਾਹੀਦਾ ਹੈ, ਤਬਾਹ ਨਹੀਂ ਕੀਤਾ ਜਾਣਾ ਚਾਹੀਦਾ। ਉਨ੍ਹਾਂ ਨਸ਼ੀਲੇ ਪਦਾਰਥਾਂ ਦੀ ਵਰਤੋਂ ਰੋਕਣ ਲਈ ਕਾਨੂੰਨ ਲਾਗੂ ਕਰਨ ਅਤੇ ਸਮਾਜ ਦੀ ਭੂਮਿਕਾ 'ਤੇ ਜ਼ੋਰ ਦਿੱਤਾ। ਸ. ਪਰਮਜੀਤ ਸਿੰਘ ਗਾਈਡੈਂਸ ਕਾਊਂਸਲਰ ਕਪੂਰਥਲਾ ਨੇ ਸਿਹਤਮੰਦ ਜੀਵਨ ਸ਼ੈਲੀ ਅਪਣਾਉਣ ਬਾਰੇ ਗੱਲ ਕੀਤੀ। ਪੰਜਾਬੀ ਵਿਭਾਗ ਦੇ ਮੁਖੀ ਮਨਜਿੰਦਰ ਸਿੰਘ ਜੌਹਲ ਨੇ ਧਾਰਮਿਕ ਗ੍ਰੰਥਾਂ ਦੇ ਦਰਸ਼ਨ ਨਾਲ ਜੁੜਨ ਦੀ ਲੋੜ 'ਤੇ ਜ਼ੋਰ ਦਿੱਤਾ ਤਾਂ ਜੋ ਅਜਿਹੀਆਂ ਬੁਰਾਈਆਂ ਨਾਲ ਲੜਿਆ ਜਾ ਸਕੇ। ਇਸ ਮੁਹਿੰਮ ਵਿਚ 65 ਤੋਂ ਵੱਧ ਸੰਸਥਾਵਾਂ ਨੇ ਹਿੱਸਾ ਲਿਆ। ਗਾਈਡੈਂਸ ਕਾਊਂਸਲਰਾਂ, ਵਿਦਿਆਰਥੀ ਅਤੇ ਫੈਕਲਟੀ ਮੈਂਬਰਾਂ ਨੇ ਵਾਕਾਥਨ 'ਚ ਬੜੇ ਉਤਸ਼ਾਹ ਨਾਲ ਹਿੱਸਾ ਲਿਆ। ਇਸ ਮੌਕੇ ਕਾਲਜ ਦਾ ਸਮੂਹ ਸਟਾਫ਼ ਅਤੇ ਵੱਡੀ ਗਿਣਤੀ ਵਿੱਚ ਵਿਦਿਆਰਥੀ ਹਾਜ਼ਰ ਸਨ।




ਲਾਇਲਪੁਰ ਖ਼ਾਲਸਾ ਕਾਲਜ ਕਪੂਰਥਲਾ 'ਚ 'ਡਰੱਗ ਫ੍ਰੀ ਇੰਡੀਆ' ਵਾਕਾਥਨ ਦੌਰਾਨ ਹਾਜ਼ਰ ਡਾ. ਨਵਲੀਨ ਮੁਲਤਾਨੀ ਡਾਇਰੈਕਟਰ ਲੋਕ ਸੰਪਰਕ ਸੈੱਲ, ਪ੍ਰਿੰਸੀਪਲ ਡਾ. ਬਲਦੇਵ ਸਿੰਘ ਢਿੱਲੋਂ, ਪੰਜਾਬੀ ਵਿਭਾਗ ਦੇ ਮੁਖੀ ਮਨਜਿੰਦਰ ਸਿੰਘ ਜੌਹਲ ਤੇ ਹੋਰ।

# Photos


Jagat Guru Nanak Dev
Punjab State Open University, Patiala
Drug Free India
Walkathon
Organised by: Public Relations Cell


Welcome
To
LKC (KPT.)
Drug Free India
GPS Map Camera
Kapurthala,Punjab,India
Puda Colony, Kapurthala, Punjab 144601, India
Lat 31.376024, Long 75.411926
03/13/2025 01:19 PM GMT+05:30
Note : Captured by GPS Map Camera




Links

https://www.facebook.com/photo/?fbid=122241086936031399&set=pcb.122241087056031399

https://www.instagram.com/p/DHMGbPETCvD/